''ਸੰਗਮਯੁਗ ਉਤਸਵ ਦਾ ਯੁੱਗ ਹੈ - ਉਤਸਵ ਮਨਾਉਣਾ ਮਤਲਬ ਅਵਿਨਾਸ਼ੀ ਉਮੰਗ - ਉਤਸਾਹ ਵਿੱਚ ਰਹਿਣਾ''

ਅੱਜ ਤ੍ਰਿਦੇਵ ਰਚਤਾ ਤ੍ਰਿਮੂਰਤੀ ਸ਼ਿਵ ਬਾਪ ਆਪਣੇ ਰੂਹਾਨੀ ਡਾਇਮੰਡਸ ਦੇ ਨਾਲ ਡਾਇਮੰਡ ਜੁਬਲੀ ਅਤੇ ਡਾਇਮੰਡ ਜਯੰਤੀ ਮਨਾਉਣ ਆਏ ਹਨ। ਇਸੇ ਵਚਿੱਤਰ ਜਯੰਤੀ ਨੂੰ ਡਾਇਮੰਡ ਜਯੰਤੀ ਕਹਿੰਦੇ ਹੋ ਕਿਉਂਕਿ ਬਾਪ ਅਵਤਰਿਤ ਹੁੰਦੇ ਹੀ ਹਨ ਕੌਡੀ ਵਰਗੀਆਂ ਆਤਮਾਵਾਂ ਨੂੰ ਹੀਰੇ ਸਮਾਨ ਬਨਾਉਣ। ਤਾਂ ਬਾਪਦਾਦਾ ਚਾਰੋਂ ਪਾਸੇ ਦੇ ਬੱਚਿਆਂ ਨੂੰ ਜੋ ਹੀਰੇ ਤੋਂ ਵੀ ਅਮੁੱਲ ਹਨ, ਸਭ ਨੂੰ ਸਾਮ੍ਹਣੇ ਵੇਖ ਰਹੇ ਹਨ। ਬਾਪਦਾਦਾ ਦੇ ਅੱਗੇ ਸਿਰਫ ਮਧੂਬਨ ਦੀ ਸਭਾ ਨਹੀਂ ਹੈ ਲੇਕਿਨ ਵਿਸ਼ਵ ਦੇ ਚਾਰੋਂ ਪਾਸੇ ਦੇ ਬ੍ਰਾਹਮਣ ਬੱਚਿਆਂ ਦੀ ਸਭਾ ਹੈ। ਸਭ ਦੇ ਦਿਲ ਦੀ ਮੁਬਾਰਕ ਦੇ ਸਨੇਹ ਭਰੇ ਗੀਤ ਕਹੋ, ਬੋਲ ਕਹੋ ਬਾਪ ਨੇੜੇ ਤੋਂ ਸੁਣ ਰਹੇ ਹਨ। ਦਿਲ ਦਾ ਆਵਾਜ਼ ਦਿਲਾਰਾਮ ਦੇ ਕੋਲ ਪਹਿਲੇ ਪਹੁੰਚਦਾ ਹੈ। ਤਾਂ ਬਾਪਦਾਦਾ ਵੇਖ ਰਹੇ ਹਨ ਕਿ ਬੱਚਿਆਂ ਦੇ ਸੇਵਾ ਦਾ ਪ੍ਰਤੱਖ ਪ੍ਰਮਾਣ ਚਾਰੋਂ ਪਾਸੇ ਦੇ ਮਧੂਬਨ, ਬਾਪ ਦੇ ਸਵੀਟ ਹੋਮ ਤੱਕ ਪਹੁੰਚ ਰਿਹਾ ਹੈ। ਉਵੇਂ ਵੀ ਸ਼ਿਵ ਜਯੰਤੀ ਨੂੰ ਉਤਸਵ ਕਹਿੰਦੇ ਹਨ। ਅਸਲ ਤਰੀਕੇ ਨਾਲ ਉਤਸਵ ਤੁਸੀਂ ਬ੍ਰਾਹਮਣ ਹੀ ਮਨਾਉਂਦੇ ਹੋ ਕਿਉਂਕਿ ਉਤਸਵ ਦਾ ਅਰਥ ਹੀ ਹੈ - ਸਰਵ ਉਤਸਾਹ - ਉਮੰਗ ਵਿੱਚ ਰਹਿਣਾ। ਤਾਂ ਤੁਸੀਂ ਜੋ ਵੀ ਬੈਠੇ ਹੋ, ਸਭ ਦੇ ਦਿਲ ਵਿੱਚ ਉਤਸਾਹ ਅਤੇ ਉਮੰਗ ਕਿੰਨਾਂ ਹੈ? ਅਵਿਨਾਸ਼ੀ ਹੈ ਜਾਂ ਅੱਜ ਦੇ ਲਈ ਹੈ? ਅਵਿਨਾਸ਼ੀ ਹੈ ਨਾ? ਇਸਲਈ ਬਾਪਦਾਦਾ ਇਸ ਸ੍ਰੇਸ਼ਠ ਸੰਗਮਯੁਗ ਨੂੰ ਉਤਸਵ ਦਾ ਯੁੱਗ ਕਹਿੰਦੇ ਹਨ। ਹਰ ਦਿਨ ਤੁਹਾਡੇ ਲਈ ਉਤਸਾਹ ਸੰਪੰਨ ਹੈ। ਹਰ ਦਿਨ ਉਤਸਵ ਹੈ।

ਜੋ ਗਾਇਨ ਹੈ, ਤੁਸੀਂ ਲੋਕ ਟਾਪਿਕ ਰੱਖਦੇ ਹੋ 'ਅਨੇਕਤਾ ਵਿੱਚ ਏਕਤਾ' ਤਾਂ ਪ੍ਰੈਕਟਿਕਲ ਵਿੱਚ ਅਨੇਕ ਦੇਸ਼, ਅਨੇਕ ਭਾਸ਼ਾਵਾਂ, ਅਨੇਕ ਰੂਪ - ਰੰਗ ਲੇਕਿਨ ਅਨੇਕਤਾ ਵਿੱਚ ਵੀ ਸਭ ਦੇ ਦਿਲ ਵਿਚ ਏਕਤਾ ਹੈ ਨਾ! ਕਿਉਂਕਿ ਇੱਕ ਬਾਪ ਹੈ। ਭਾਵੇਂ ਅਮੇਰਿਕਾ ਤੋਂ ਆਏ ਹੋ, ਭਾਵੇਂ ਅਫਰੀਕਾ ਤੋਂ ਆਏ ਹੋ ਲੇਕਿਨ ਦਿਲ ਵਿਚ ਇੱਕ ਬਾਪ ਹੈ। ਇੱਕ ਸ਼੍ਰੀਮਤ ਤੇ ਚੱਲਣ ਵਾਲੇ ਹੋ। ਤਾਂ ਬਾਪਦਾਦਾ ਨੂੰ ਚੰਗਾ ਲਗਦਾ ਹੈ ਕਿ ਅਨੇਕ ਭਾਸ਼ਾਵਾਂ ਵਿਚ ਹੁੰਦੇ ਹੋਏ ਵੀ ਮਨ ਦਾ ਗੀਤ, ਮਨ ਦੀ ਭਾਸ਼ਾ ਇੱਕ ਹੈ। ਭਾਵੇਂ ਕਿਸੇ ਵੀ ਭਾਸ਼ਾ ਵਾਲੇ ਹੋ, ਕਾਲਾ ਤਾਜ ਤੇ ਮਿਲਿਆ ਹੈ ( ਸਾਰੇ ਹੈੱਡਫੋਨ ਨਾਲ ਆਪਣੀ - ਆਪਣੀ ਭਾਸ਼ਾ ਵਿਚ ਸੁਣ ਰਹੇ ਹਨ), ਹੁਣ ਇਹ ਹੀ ਕਾਲਾ ਤਾਜ ਬਦਲਕੇ ਗੋਲਡਨ ਹੋ ਜਾਵੇਗਾ। ਲੇਕਿਨ ਸਭ ਦੇ ਮਨ ਦੀ ਭਾਸ਼ਾ ਇੱਕ ਹੈ ਅਤੇ ਇੱਕ ਹੀ ਸ਼ਬਦ ਹੈ, 'ਮੇਰਾ ਬਾਬਾ'। ਸਭੀ ਭਾਸ਼ਾ ਵਾਲੇ ਬੋਲੋ 'ਮੇਰਾ ਬਾਬਾ'। ਹਾਂ ਇਹ ਇੱਕ ਹੀ ਹੈ। ਤਾਂ ਅਨੇਕਤਾ ਵਿਚ ਏਕਤਾ ਹੈ ਨਾ!

ਤਾਂ ਉਤਸਾਹ ਵਿੱਚ ਰਹਿਣ ਵਾਲੇ ਮਤਲਬ ਸਦਾ ਉਤਸਵ ਮਨਾਉਣ ਵਾਲੀਆਂ ਸ੍ਰੇਸ਼ਠ ਆਤਮਾਵਾਂ ਹੋ। ਕਦੇ ਵੀ ਉਤਸਾਹ ਘੱਟ ਨਹੀਂ ਹੋਣਾ ਚਾਹੀਦਾ। ਪਹਿਲੇ ਵੀ ਸੁਣਾਇਆ ਸੀ - ਬ੍ਰਾਹਮਣ ਜੀਵਨ ਦਾ ਸਾਹ ਹੈ ਉਮੰਗ - ਉਤਸਾਹ। ਜੇਕਰ ਸਾਹ ਚਲਾ ਜਾਵੇ ਤਾਂ ਜੀਵਨ ਸੈਕਿੰਡ ਵਿੱਚ ਖਤਮ ਹੋ ਜਾਵੇਗੀ ਨਾ! ਤਾਂ ਬ੍ਰਾਹਮਣ ਜੀਵਨ ਵਿਚ ਜੇਕਰ ਉਮੰਗ - ਉਤਸਾਹ ਦਾ ਸਾਹ ਨਹੀਂ ਤਾਂ ਬ੍ਰਾਹਮਣ ਜੀਵਨ ਨਹੀਂ। ਜੋ ਸਦਾ ਉਮੰਗ - ਉਤਸਾਹ ਵਿੱਚ ਹੋਵੇਗਾ, ਉਹ ਫ਼ਲਕ ਨਾਲ ਕਹੇਗਾ ਕਿ ਬ੍ਰਾਹਮਣ ਹਨ ਹੀ ਉਤਸਾਹ - ਉਮੰਗ ਦੇ ਲਈ। ਅਤੇ ਜਿਸ ਦਾ ਉਮੰਗ - ਉਤਸਾਹ ਘੱਟ ਹੋ ਜਾਂਦਾ ਹੈ ਉਸ ਦੇ ਬੋਲ ਹੀ ਬਦਲ ਜਾਂਦੇ ਹਨ। ਉਹ ਕਹੇਗਾ - ਹੈ ਤਾਂ ਸਹੀ… ,ਹੋਣਾ ਤਾਂ ਚਾਹੀਦਾ… ਹੋ ਜਾਵੇਗਾ… ਤਾਂ ਇਸ ਭਾਸ਼ਾ ਅਤੇ ਉਸ ਭਾਸ਼ਾ ਵਿਚ ਕਿੰਨਾਂ ਫਰਕ ਹੈ! ਉਸ ਦੇ ਹਰ ਬੋਲ ਵਿੱਚ 'ਤਾਂ' ਜਰੂਰ ਹੋਵੇਗਾ - ਹੋਣਾ ਤਾਂ ਚਾਹੀਦਾ… ਤਾਂ ਇਹ ਜੋ ' ਤਾਂ - ਤਾਂ ' ਹੁੰਦਾ ਹੈ ਨਾ, ਇਹ ਉਮੰਗ ਉਤਸਾਹ ਦਾ ਪ੍ਰੇਸ਼ਰ ਘੱਟ ਹੋਣ ਤੇ ਹੀ ਅਜਿਹੇ ਬੋਲ, ਕਮਜੋਰੀ ਦੇ ਬੋਲ ਨਿਕਲਦੇ ਹਨ। ਤਾਂ ਉਮੰਗ - ਉਤਸਾਹ ਕਦੇ ਘੱਟ ਹੋਣਾ ਨਹੀਂ ਚਾਹੀਦਾ। ਉਮੰਗ - ਉਤਸਾਹ ਘੱਟ ਕਿਓਂ ਹੁੰਦਾ ਹੈ? ਬਾਪਦਾਦਾ ਕਹਿੰਦੇ ਹਨ ਸਦਾ ਵਾਹ - ਵਾਹ ਕਹੋ ਅਤੇ ਕਹਿੰਦੇ ਹਨ ਵਾਏ - ਵਾਏ ( ਕਿਓਂ - ਕਿਓਂ ) ਜੇਕਰ ਕੋਈ ਵੀ ਪ੍ਰਸਥਿਤੀ ਵਿਚ ਵਾਏ ਸ਼ਬਦ ਆ ਜਾਂਦਾ ਹੈ ਤਾਂ ਉਮੰਗ - ਉਤਸਾਹ ਦਾ ਪ੍ਰੇਸ਼ਰ ਘੱਟ ਹੋ ਜਾਂਦਾ ਹੈ। ਬਾਪਦਾਦਾ ਨੇ ਅਗਲੇ ਸਾਲ ਵੀ ਵਿਸ਼ੇਸ਼ ਡਬਲ ਫਾਰਨਰਜ ਨੂੰ ਕਿਹਾ ਸੀ ਕਿ ਵਾਏ ਸ਼ਬਦ ਨੂੰ ਬ੍ਰਾਹਮਣ ਡੀਕਸ਼ਨਰੀ ਵਿੱਚ ਚੇਂਜ ਕਰੋ, ਜਦੋਂ ਕੋਈ ਵਾਏ ਸ਼ਬਦ ਆਏ ਤਾਂ ਫਲਾਏ ਸ਼ਬਦ ਯਾਦ ਰੱਖੋ ਤਾਂ ਵਾਏ ਖਤਮ ਹੋ ਜਾਵੇਗਾ। ਕੋਈ ਵੀ ਪ੍ਰਸਥਿਤੀ ਛੋਟੀ ਜਾਂ ਵੱਡੀ ਲਗਦੀ ਹੈ ਤਾਂ ਵਾਏ ਸ਼ਬਦ ਆਉਂਦਾ ਹੈ - ਇਹ ਕਿਓਂ, ਇਹ ਕੀ… ਅਤੇ ਫ਼ਲਾਏ ਕਰ ਲਵੋ ਤਾਂ ਪ੍ਰਸਥਿਤੀ ਕੀ ਹੋਵੇਗੀ? ਛੋਟਾ ਜਿਹਾ ਖਿਡੌਣਾ। ਤਾਂ ਜਦ ਵੀ ਵਾਏ ਸ਼ਬਦ ਮਨ ਦੇ ਵਿੱਚ ਆਵੇ ਤਾਂ ਕਹੋ ਬ੍ਰਾਹਮਣ ਡੀਕਸ਼ਨਰੀ ਵਿੱਚ ਵਾਏ ਸ਼ਬਦ ਨਹੀਂ ਹੈ, ਫਲਾਏ ਹੈ ਕਿਉਂਕਿ ਵਾਏ - ਵਾਏ, ਹਾਏ - ਹਾਏ ਕਰਵਾ ਦਿੰਦਾ ਹੈ। ਬਾਪਦਾਦਾ ਨੂੰ ਹਸੀ ਵੀ ਆਉਂਦੀ ਹੈ, ਇੱਕ ਪਾਸੇ ਕਹਿਣਗੇ - ਨਹੀਂ, ਸਾਡੇ ਜਿਹਾ ਸ੍ਰੇਸ਼ਠ ਭਾਗ ਕਿਸੇ ਦਾ ਨਹੀਂ ਹੈ। ਹੁਣੇ - ਹੁਣੇ ਇਹ ਕਹਿਣਗੇ ਅਤੇ ਹੁਣੇ - ਹੁਣੇ ਉਤਸਾਹ ਘੱਟ ਹੋਇਆ ਤਾਂ ਕਹਿਣਗੇ - ਪਤਾ ਨਹੀਂ ਮੇਰਾ ਭਾਗ ਹੀ ਅਜਿਹਾ ਹੈ! ਮੇਰੇ ਭਾਗ ਵਿਚ ਇਤਨਾ ਹੀ ਹੈ! ਤਾਂ ਹਾਏ - ਹਾਏ ਹੋ ਗਿਆ ਨਾ! ਤਾਂ ਜਦੋਂ ਵੀ ਹਾਏ - ਹਾਏ ਦਾ ਨਜਾਰਾ ਆਵੇ ਤਾਂ ਵਾਹ - ਵਾਹ ਕਰ ਲਵੋ ਤਾਂ ਨਜ਼ਾਰਾ ਵੀ ਬਦਲ ਜਾਵੇਗਾ ਅਤੇ ਤੁਸੀਂ ਵੀ ਬਦਲ ਜਾਵੋਗੇ।

ਡਬਲ ਵਿਦੇਸ਼ੀ ਅੱਜਕਲ 'ਪੋਜ਼ੀਟਿਵ ਥੀਂਕਿੰਗ' ਦਾ ਕੋਰਸ ਕਰਦੇ ਹੋ ਨਾ। ਸਾਰੇ ਵਿਦੇਸ਼ ਵਿਚ ਵਿਸ਼ੇਸ਼ ਕੋਰਸ ਇਹ ਕਰਾਉਂਦੇ ਹੋ? ਤਾਂ ਖੁਦ ਨੂੰ ਵੀ ਕਰਵਾਉਂਦੇ ਹੋ ਜਾਂ ਦੂਜਿਆਂ ਨੂੰ ਹੀ ਕਰਵਾਉਂਦੇ ਹੋ? ਜਿਸ ਵੇਲੇ ਕੋਈ ਅਜਿਹੀ ਪ੍ਰਸਥਿਤੀ ਆ ਜਾਵੇ ਤਾਂ ਖੁਦ ਨੂੰ ਹੀ ਸਟੂਡੈਂਟ ਬਣਾਕੇ, ਖੁਦ ਹੀ ਟੀਚਰ ਬਣ ਕਰਕੇ ਆਪਣੇ ਨੂੰ ਇਹ ਕੋਰਸ ਕਰਵਾਓ। ਖੁਦ ਨੂੰ ਕਰਵਾ ਸਕਦੇ ਹੋ ਜਾਂ ਸਿਰਫ ਦੂਜਿਆਂ ਨੂੰ ਕਰਵਾ ਸਕਦੇ ਹੋ? ਦੂਜਿਆਂ ਨੂੰ ਕਰਵਾਉਣਾ ਸਹਿਜ ਹੈ। ਜਦੋਂ ਇਹ ਨੈਚੁਰਲ ਸਥਿਤੀ ਹੋ ਜਾਵੇ ਕਿ ਹਰ ਵਿਅਕਤੀ ਨੂੰ, ਗੱਲ ਨੂੰ ਪੋਜਿਟਿਵ ਵ੍ਰਿਤੀ ਨਾਲ ਵੇਖੋ, ਸੁਣੋ ਜਾਂ ਸੋਚੋ ਤਾਂ ਕਿਵੇਂ ਦੀ ਸਥਿਤੀ ਰਹੇਗੀ? ਅੱਜਕਲ ਦੇ ਸਾਇੰਸ ਦਵਾਰਾ ਵੀ ਅਜਿਹੇ ਸਾਧਨ ਨਿਕਲੇ ਹਨ ਜੋ ਰਫ਼ ਮਾਲ ਨੂੰ ਵੀ ਬਹੁਤ ਵਧੀਆ ਰੂਪ ਵਿਚ ਬਦਲ ਦਿੰਦੇ ਹਨ। ਦੇਖਿਆ ਹੈ ਨਾ- ਕ਼ੀ ਤੋਂ ਕੀ ਬਣਾ ਦਿੰਦੇ ਹਨ! ਤਾਂ ਤੁਹਾਡੀ ਵ੍ਰਿਤੀ ਕੀ ਅਜਿਹਾ ਪ੍ਰੀਵਰਤਨ ਨਹੀਂ ਕਰ ਸਕਦੀ? ਆਵੇ ਨੈਗੇਟਿਵ ਰੂਪ ਵਿਚ ਲੇਕਿਨ ਤੁਸੀਂ ਨੈਗੇਟਿਵ ਨੂੰ ਪੋਜ਼ੀਟਿਵ ਵ੍ਰਿਤੀ ਨਾਲ ਬਦਲ ਦੋ। ਜੇਕਰ ਹਲਚਲ ਵਿੱਚ ਆਉਂਦੇ ਹੋ ਤਾਂ ਉਸ ਦਾ ਕਾਰਣ ਹੈ- ਨੈਗੇਟਿਵ ਸੁਣਨਾ, ਸੋਚਣਾ ਅਤੇ ਬੋਲਣਾ ਜਾਂ ਕਰਨਾ। ਇਹ ਮਾਡਲ ਬਣਾਉਂਦੇ ਹੋ ਨਾ, ਨਾ ਸੋਚੋ, ਨਾ ਦੇਖੋ, ਨਾ ਬੋਲੋ, ਨਾ ਕਰੋ। ਸਾਇਲੇਂਸ ਦੀ ਪਾਵਰ ਕਿ ਨੈਗੇਟਿਵ ਨੂੰ ਪੋਜ਼ੀਟਿਵ ਵਿੱਚ ਨਹੀਂ ਬਦਲ ਸਕਦੀ! ਤੁਹਾਡਾ ਮਨ ਅਤੇ ਬੁੱਧੀ ਅਜਿਹਾ ਬਣ ਜਾਵੇ ਜੋ ਨੈਗੇਟਿਵ ਟਚ ਨਹੀਂ ਕਰੇ, ਸੈਕਿੰਡ ਵਿੱਚ ਪ੍ਰੀਵਰਤਨ ਹੋ ਜਾਵੇ। ਇਵੇਂ ਤੀਵ੍ਰ ਗਤੀ ਦੀ ਅਨੁਭੂਤੀ ਕਰ ਸਕਦੇ ਹੋ? ਮਨ ਅਤੇ ਬੁੱਧੀ ਅਜਿਹਾ ਤੀਵ੍ਰ ਗਤੀ ਦਾ ਯੰਤ੍ਰ ਬਣ ਜਾਵੇ। ਬਣ ਸਕਦਾ ਹੈ ਜਾਂ ਸਮੇਂ ਲੱਗੇਗਾ? ਕਿ ਨੈਗੇਟਿਵ ਗੱਲ ਆਵੇਗੀ ਤਾਂ ਕਹਿਣਗੇ ਕਿ ਥੋੜ੍ਹਾ ਸੋਚਣ ਤਾਂ ਦਵੋ, ਵੇਖੀਏ ਤਾਂ ਸਹੀ ਕੀ ਹੈ! ਕਵਿਕ ਸਪੀਡ ਨਾਲ ਪਰਿਵਰਤਨ ਹੋ ਜਾਵੇ - ਇਸ ਨੂੰ ਕਿਹਾ ਜਾਂਦਾ ਹੈ ਬ੍ਰਾਹਮਣ ਜੀਵਨ ਦਾ ਮਜਾ, ਮੌਜ। ਜੇਕਰ ਜਿਉਣਾ ਹੈ ਤਾਂ ਮੌਜ ਨਾਲ ਜੀਓ। ਸੋਚ - ਸੋਚ ਕੇ ਜਿਉਣਾ ਉਹ ਜਿਉਣਾ ਨਹੀਂ ਹੈ। ਤੁਸੀਂ ਲੋਕ ਹੋਰਾਂ ਨੂੰ ਕਹਿੰਦੇ ਹੋ ਕਿ ਰਾਜਯੋਗ ਜਿਉਂਣ ਦੀ ਕਲਾ ਹੈ। ਤਾਂ ਤੁਸੀਂ ਲੋਕ ਰਾਜਯੋਗੀ ਜੀਵਨ ਵਾਲੇ ਹੋ ਨਾ! ਕਿ ਕਹਿਣ ਵਾਲੇ ਹੋ? ਜਦ ਰਾਜਯੋਗ ਜਿਉਂਣ ਦੀ ਕਲਾ ਹੈ ਤਾਂ ਰਾਜ ਯੋਗੀਆਂ ਦੀ ਕਲਾ ਕੀ ਹੈ? ਇਹ ਹੀ ਹੈ ਨਾ? ਤਾਂ ਉਤਸਵ ਮਨਾਉਣਾ ਮਤਲਬ ਮੌਜ ਵਿੱਚ ਰਹਿਣਾ। ਮਨ ਦੀ ਮੌਜ ਵਿਚ, ਤਨ ਵੀ ਮੌਜ ਵਿਚ, ਸੰਬੰਧ - ਸੰਪਰਕ ਵੀ ਮੌਜ ਵਿਚ।

ਕਈ ਬੱਚੇ ਕਹਿੰਦੇ ਹਨ ਆਪਣੇ ਤਰੀਕੇ ਨਾਲ ਤਾਂ ਠੀਕ ਰਹਿੰਦੇ ਹਾਂ, ਆਪਣੀ ਮੌਜ ਵਿਚ ਰਹਿੰਦੇ ਹਾਂ ਲੇਕਿਨ ਸੰਬੰਧ - ਸੰਪਰਕ ਵਿੱਚ ਮੌਜ ਵਿੱਚ ਰਹਿਣਾ, ਇਹ ਕਦੇ - ਕਦੇ ਹੁੰਦਾ ਹੈ। ਲੇਕਿਨ ਸੰਬੰਧ ਸੰਪਰਕ ਵੀ ਤੁਹਾਡੀ ਸਥਿਤੀ ਦਾ ਪੇਪਰ ਹੈ। ਜੇਕਰ ਸਟੂਡੈਂਟ ਕਹਿਣ ਉਵੇਂ ਤਾਂ ਮੈਂ ਪਾਸ ਵਿੱਧ ਆਨਰ ਹਾਂ ਲੇਕਿਨ ਪੇਪਰ ਦੇ ਵੇਲੇ ਮਾਰਕਸ ਘੱਟ ਹੋ ਜਾਂਦੇ ਹਨ ਤਾਂ ਅਜਿਹੇ ਨੂੰ ਕੀ ਕਹਾਂਗੇ? ਤਾਂ ਅਜਿਹੇ ਤੇ ਨਹੀਂ ਹੋ ਨਾ! ਫੁੱਲ ਪਾਸ ਹੋਣ ਵਾਲੇ ਹੋ ਨਾ? ਬਾਪਦਾਦਾ ਨੇ ਸੁਣਾਇਆ ਹੈ ਕਿ ਜੋ ਸਦਾ ਬਾਪ ਦੇ ਕੋਲ ਰਹਿੰਦੇ ਹਨ ਉਹ ਪਾਸ ਹਨ। ਪਾਸ ਨਹੀਂ ਰਹਿੰਦੇ ਤਾਂ ਪਾਸ ਨਹੀਂ ਹਨ। ਤਾਂ ਸਦਾ ਕਿੱਥੇ ਰਹਿੰਦੇ ਹੋ? ਦੂਰ ਰਹਿੰਦੇ ਹੋ, ਪਾਸ ਨਹੀਂ ਰਹਿੰਦੇ ਹੋ! ਡਬਲ ਵਿਦੇਸ਼ੀਆਂ ਨੂੰ ਤਾਂ ਡਬਲ ਪਾਸ ਹੋਣਾ ਚਾਹੀਦਾ ਹੈ ਨਾ! ਅੱਛਾ।

ਤਾਂ ਡਬਲ ਵਿਦੇਸ਼ੀਆਂ ਨੇ ਇਸ ਵਾਰੀ ਹਾਈ ਜੰਪ ਲਗਾ ਦਿੱਤੀ ਹੈ। ਮਧੂਬਨ ਵਿੱਚ ਹਾਈ ਜੰਪ ਲਗਾਕੇ ਪਹੁੰਚ ਗਏ ਹਨ। (ਇਸ ਵਾਰੀ ਹਰ ਵਰ੍ਹੇ ਤੋਂ ਜਿਆਦਾ ਗਿਣਤੀ ਵਿੱਚ ਡਬਲ ਵਿਦੇਸ਼ੀ ਮਧੂਬਨ ਪਹੁੰਚੇ ਹਨ) ਅੱਛਾ, ਡਬਲ ਵਿਦੇਸ਼ੀਆਂ ਨੂੰ ਵੀ ਕਈਆਂ ਨੂੰ ਪਟਰਾਣੀ ਬਣਨ ਦਾ ਚਾਂਸ ਤੇ ਚੰਗਾ ਮਿਲਿਆ ਹੈ। ਪਟਰਾਣੀ ਬਣਨ ਵਿਚ ਮਜ਼ਾ ਹੈ ਜਾਂ ਨਹੀਂ? ਤੁਸੀਂ ਲੋਕਾਂ ਦੀ ਤਾਂ ਅਟੈਚੀ ਇਤਨੀ ਹੈ ਜੋ ਉਸ ਤੇ ਹੀ ਸੋ ਸਕਦੇ ਹੋ ਕਿਓਂਕਿ ਇੱਕ ਵੱਡੀ ਲਿਆਉਂਦੇ ਹਨ, ਇੱਕ ਛੋਟੀ ਲਿਆਉਂਦੇ ਹਨ, ਤਾਂ ਛੋਟੀ ਨੂੰ ਤੱਕਿਆ ਬਣਾਓ। ਜਗ੍ਹਾ ਬਚ ਜਾਵੇਗੀ ਨਾ! ਚੰਗਾ ਲਗਦਾ ਹੈ ਬਾਪਦਾਦਾ ਸੀਨ ਵੇਖਦੇ ਹਨ ਕਿਵੇਂ ਭਾਰੀ - ਭਾਰੀ ਅਟੈਚੀਆਂ ਘਸੀਟ ਕੇ ਲਿਆ ਰਹੇ ਹਨ! ਚੰਗੀ ਸੀਨ ਲਗਦੀ ਹੈ ਨਾ! ਸੰਗਮ ਤੇ ਇਹ ਮਿਹਨਤ ਵੀ ਥੋੜੇ ਸਮੇਂ ਦੀ ਹੈ ਫਿਰ ਤਾਂ ਪ੍ਰਕ੍ਰਿਤੀ ਵੀ ਤੁਹਾਡੀ ਦਾਸੀ ਹੋਵੇਗੀ ਤਾਂ ਦਾਸੀਆਂ ਵੀ ਬਹੁਤ ਹੋਣਗੀਆਂ। ਫਿਰ ਤੁਹਾਨੂੰ ਸਮਾਨ ਉਠਾਉਣ ਦੀ ਲੋੜ ਨਹੀਂ। ਹੁਣ ਆਪਣਾ ਸਵਰਾਜ ਸਥਾਪਨ ਹੋ ਰਿਹਾ ਹੈ, ਇਸ ਸਮੇਂ ਗੁਪਤ ਵੇਸ਼ ਵਿੱਚ ਹੀ, ਸੇਵਾਦਾਰੀ ਹੋ ਫਿਰ ਰਾਜ ਅਧਿਕਾਰੀ ਬਣੋਗੇ! ਤਾਂ ਸੇਵਾਦਾਰੀਆਂ ਨੂੰ ਤਾਂ ਸਭ ਤਰ੍ਹਾਂ ਦੀ ਸੇਵਾ ਕਰਨੀ ਪੈਂਦੀ ਹੈ। ਜਿੰਨੀ ਹੁਣ ਤਨ, ਮਨ, ਧਨ ਅਤੇ ਸੰਪਰਕ ਨਾਲ ਸੇਵਾ ਕਰਦੇ ਹੋ ਉਤਨੇ ਹੀ ਉੱਥੇ ਸੇਵਾਦਾਰੀ ਮਿਲਣਗੇ। ਸਭ ਤੋਂ ਪਹਿਲਾਂ ਇਸ ਪ੍ਰਾਕ੍ਰਿਤੀ ਦੇ ਪੰਜ ਹੀ ਤੱਤਵ ਤੁਹਾਡੇ ਸੇਵਾਦਾਰੀ ਬਣਨਗੇ। ਆਪਣਾ ਰਾਜ - ਭਾਗ ਸਮ੍ਰਿਤੀ ਵਿਚ ਹੈ ਨਾ! ਕਿੰਨੀ ਵਾਰੀ ਰਾਜ ਅਧਿਕਾਰੀ ਬਣੇ ਹੋ! ਅਣਗਿਣਤ ਵਾਰ ਬਣੇ ਹਨ ਅਤੇ ਬਣਦੇ ਹੀ ਰਹਿਣਗੇ। ਪਰ ਰਾਜ ਅਧਿਕਾਰੀ ਤੋਂ ਵੀ ਹੁਣ ਦਾ ਸੇਵਾਧਾਰੀ ਜੀਵਨ ਸ਼੍ਰੇਸ਼ਠ ਹੈ ਕਿਉਂਕਿ ਹੁਣ ਬਾਪ ਅਤੇ ਬੱਚਿਆਂ ਦਾ ਸਾਥ ਹੈ। ਭਾਵੇਂ ਕਿਸੇ ਵੀ ਕਿਸਮ ਦੀ ਸੇਵਾ ਹੈ ਪਰ ਸੇਵਾ ਦਾ ਪ੍ਰਤੱਖਫ਼ਲ ਹੁਣ ਮਿਲਦਾ ਹੈ। ਬਾਪ ਦਾ ਸਨੇਹ, ਸਹਿਯੋਗ ਅਤੇ ਬਾਪ ਦਵਾਰਾ ਮਿਲੇ ਹੋਏ ਖਜ਼ਾਨੇ ਪ੍ਰਤੱਖਫ਼ਲ ਦੇ ਰੂਪ ਵਿੱਚ ਮਿਲਦੇ ਹਨ। ਜਦੋਂ ਵੀ ਕੋਈ ਵਿਸ਼ੇਸ਼ ਸੇਵਾ ਕਰਦੇ ਹੋ ਅਤੇ ਯੁਕਤੀਯੁਕਤ ਸੇਵਾ ਕਰਦੇ ਹੋ ਤਾਂ ਕਿੰਨੀ ਖੁਸ਼ੀ ਹੁੰਦੀ ਹੈ! ਉਸ ਸਮੇਂ ਦੇ ਚੇਹਰੇ ਦਾ ਫ਼ੋਟੋ ਨਿਕਾਲੋ ਤਾਂ ਕਿਵੇਂ ਹੁੰਦਾ ਹੈ! ਤਾਂ ਇੱਕ ਪਾਸੇ ਸੇਵਾ ਕਰਦੇ ਹੋ, ਦੂਸਰੇ ਪਾਸੇ ਪ੍ਰਤੱਖਫਲ ਤੁਹਾਡੇ ਲਈ ਸਦਾ ਤਿਆਰ ਹੈ ਹੀ ਹੈ। ਇੱਕ ਹੱਥ ਨਾਲ ਸੇਵਾ ਕਰੋ, ਦੂਸਰੇ ਹੱਥ ਨਾਲ ਫ਼ਲ ਖਾਓ - ਇਵੇਂ ਅਨੁਭਵ ਹੁੰਦਾ ਹੈ? ਕਿ ਸੇਵਾ ਵਿੱਚ ਬੜੀ ਮਿਹਨਤ ਹੈ? ਸੇਵਾ ਵਿੱਚ ਹਲਚਲ ਹੁੰਦੀ ਹੈ ਜਾਂ ਨਹੀਂ? ਕਦੀ - ਕਦੀ ਹੁੰਦੀ ਹੈ। ਇਹ ਹਲਚਲ ਹੀ ਪਰਿਪਕਵ ਬਣਾਉਂਦੀ ਹੈ, ਅਨੁਭਵੀ ਬਣਾਉਂਦੀ ਹੈ। ਹਲਚਲ ਵਿੱਚ ਇਸਲਈ ਆਉਂਦੇ ਹੋ ਜੋ ਸਿਰਫ਼ ਵਰਤਮਾਨ ਨੂੰ ਦੇਖਦੇ ਹੋ। ਪਰ ਵਰਤਮਾਨ ਵਿੱਚ ਛਿਪਿਆ ਹੋਇਆ ਭਵਿੱਖ ਜੋ ਹੈ ਉਹ ਸਪਸ਼ਟ ਦਿਖਾਈ ਦਿੰਦਾ ਹੈ, ਇਸਲਈ ਹਲਚਲ ਵਿੱਚ ਆ ਜਾਂਦੇ ਹਨ। ਕੋਈ ਵੀ ਵੱਡੀ ਤੋਂ ਵੱਡੀ ਨਾਜ਼ੁਕ ਪਰਿਸਥਿਤੀ ਅਸਲ ਵਿੱਚ ਅੱਗੇ ਦੇ ਲਈ ਬਹੁਤ ਵੱਡਾ ਪਾਠ ਪੜਾਉਂਦੀ ਹੈ, ਪ੍ਰਸਥਿਤੀ ਨਹੀਂ ਹੈ ਪਰ ਉਹ ਤੁਹਾਡੀ ਟੀਚਰ ਹੈ। ਉਸ ਨਜ਼ਰ ਨਾਲ ਦੇਖੋ ਕਿ ਇਸ ਪ੍ਰਸਥਿਤੀ ਨੇ ਕੀ ਪਾਠ ਪੜਾਇਆ? ਇਸਨੂੰ ਕਿਹਾ ਜਾਂਦਾ ਹੈ ਨੇਗਟਿਵ ਨੂੰ ਪੋਜੀਟਿਵ ਵਿੱਚ ਪ੍ਰੀਵਰਤਨ ਕਰਨਾ। ਸਿਰਫ਼ ਪ੍ਰਸਥਿਤੀ ਨੂੰ ਦੇਖਦੇ ਹੋ ਤਾਂ ਘਬਰਾ ਜਾਂਦੇ ਹੋ। ਅਤੇ ਪ੍ਰਸਥਿਤੀ ਮਾਇਆ ਦਵਾਰਾ ਸਦਾ

ਨਵੇਂ - ਨਵੇਂ ਰੂਪ ਵਿੱਚ ਆਏਗੀ। ਉਵੇਂ ਹੀ ਨਹੀਂ ਆਏਗੀ, ਜਿਸ ਰੂਪ ਵਿੱਚ ਆ ਚੁੱਕੀ ਹੈ, ਉਸ ਰੂਪ ਵਿੱਚ ਨਹੀਂ ਆਏਗੀ। ਨਵੇਂ ਰੂਪ ਵਿੱਚ ਆਏਗੀ। ਤਾਂ ਉਸ ਵਿਚ ਘਬਰਾ ਜਾਂਦੇ ਹਨ - ਇਹ ਤੇ ਨਵੀਂ ਗੱਲ ਹੈ, ਇਹ ਤੇ ਹੁੰਦਾ ਨਹੀਂ ਹੈ, ਇਹ ਤੇ ਹੋਣਾ ਨਹੀਂ ਚਾਹੀਦਾ... ਪਰ ਸਮਝ ਲਵੋ ਕਿ ਮਾਇਆ ਅੰਤ ਤੱਕ ਬਹੁਰੂਪੀ ਬਣ ਬਹੁਰੂਪ ਦਿਖਾਏਗੀ। ਮਾਇਆ ਨੂੰ ਬਹੁਰੂਪੀ ਬਣਾਉਣਾ ਬਹੁਤ ਜਲਦੀ ਅਤੇ ਚੰਗਾ ਆਉਂਦਾ ਹੈ। ਜਿਵੇਂ ਤੁਹਾਡੀ ਸਥਿਤੀ ਹੋਵੇਗੀ ਨਾ ਉਵੇਂ ਪ੍ਰਸਥਿਤੀ ਬਣਦੀ ਜਾਏਗੀ। ਅੱਜ ਸਮਝੋ ਤੁਸੀਂ ਥੋੜਾ ਜਿਹਾ ਅਲਬੇਲੇ ਜੀਵਨ ਵਿੱਚ ਹੋ ਤਾਂ ਮਾਇਆ ਵੀ ਉਸ ਅਲਬੇਲੇ ਪ੍ਰਸਥਿਤੀ ਦੇ ਰੂਪ ਵਿੱਚ ਆਏਗੀ। ਅੱਜ ਮੂਡ ਥੋੜੀ ਆਫ਼ ਹੈ, ਜਿਵੇਂ ਦੀ ਹੋਣੀ ਚਾਹੀਦੀ ਹੈ ਉਵੇਂ ਦੀ ਨਹੀਂ ਹੈ, ਤਾਂ ਮੂਡ ਆਫ਼ ਦੀ ਪ੍ਰਸਥਿਤੀ ਦੇ ਰੂਪ ਵਿੱਚ ਹੀ ਆਏਗੀ। ਫਿਰ ਸੋਚਦੇ ਹਨ ਕਿ ਪਹਿਲੇ ਹੀ ਮੈਂ ਸੋਚ ਰਹੀ ਸੀ ਕਿ ਫਿਰ ਇਹ ਕੀ ਹੋਇਆ? ਇਸਲਈ ਮਾਇਆ ਨੂੰ ਦੇਖਣ ਦੇ ਲਈ, ਜਾਨਣ ਦੇ ਲਈ ਤ੍ਰਿਕਾਲਦਰਸ਼ੀ ਅਤੇ ਤ੍ਰਿਨੇਤ੍ਰੀ ਬਣੋ। ਅੱਗੇ, ਪਿੱਛੇ, ਸਾਹਮਣੇ ਤ੍ਰਿਨੇਤ੍ਰੀ ਬਣੋ।

ਤੁਸੀਂ ਸਭ ਤ੍ਰਿਨੇਤ੍ਰੀ ਅਤੇ ਤ੍ਰਿਕਾਲਦਰਸ਼ੀ ਹੋ ਨਾ? ਡਬਲ ਫੋਰਨਰਸ ਤ੍ਰਿਕਾਲਦਰਸ਼ੀ ਹਨ- ਯੇਸ ਜਾਂ ਨੋ? ਸਭ ਬੋਲੋ - ਹਾਂ ਜੀ ਜਾਂ ਨਾ ਜੀ (ਹਾਂ ਜੀ) ਆਪਣੀ ਭਾਸ਼ਾ ਨਾਲ ਤੇ ਇਹ ਚੰਗਾ ਬੋਲਦੇ ਹੋ। ਸਭ ਖੁਸ਼ ਹੋ? (ਹਾਂ ਜੀ) ਇੰਨੇ ਵੱਡੇ ਸੰਗਠਨ ਵਿੱਚ ਮਜ਼ਾ ਆ ਰਿਹਾ ਹੈ? (ਹਾਂ ਜੀ) ਕੋਈ ਇਹ ਤੇ ਨਹੀਂ ਸੋਚ ਰਹੇ ਹਨ ਕਿ ਅਗਲੇ ਵਰ੍ਹੇ ਭੀੜ ਵਿੱਚ ਨਹੀਂ ਆਵਾਂਗੇ, ਥੋੜਾ ਪਿੱਛੇ ਆਵਾਂਗੇ? ਸੰਗਠਨ ਦਾ ਮਜ਼ਾ ਵੀ ਪਿਆਰਾ ਹੈ। ਉਵੇਂ ਆਉਣਾ ਤਾਂ ਪ੍ਰੋਗ੍ਰਾਮ ਪ੍ਰਮਾਣ ਹੀ, ਜ਼ਿਆਦਾ ਨਹੀਂ ਆਉਣਾ ਪਰ ਆਦਤ ਇਵੇਂ ਦੀ ਹੋਣੀ ਚਾਹੀਦੀ ਹੈ ਜੋ ਸਭ ਵਿੱਚ ਐਡਜੇਸਟ ਕਰ ਸਕਣ। ਐਡਜੇਸਟ ਕਰਨ ਦੀ ਪਾਵਰ ਸਦਾ ਵਿਜੇਯੀ ਬਣਾ ਦਿੰਦੀ ਹੈ। ਬ੍ਰਹਮਾ ਬਾਪ ਨੂੰ ਦੇਖਿਆ ਤਾਂ ਬੱਚਿਆਂ ਨਾਲ ਬੱਚਾ ਬਣਕੇ ਐਡਜਸਟ ਹੋ ਜਾਂਦਾ, ਵੱਡੇ ਨਾਲ ਵੱਡਾ ਬਣਕੇ ਐਡਜੇਸਟ ਹੋ ਜਾਂਦਾ। ਭਾਵੇਂ ਬੇਗਰੀ ਲਾਇਫ, ਭਾਵੇਂ ਸਾਧਨਾ ਦੀ ਲਾਈਫ, ਦੋਵਾਂ ਵਿੱਚ ਐਡਜੇਸਟ ਹੋਣਾ ਅਤੇ ਖੁਸ਼ੀ - ਖੁਸ਼ੀ ਨਾਲ ਹੋਣਾ, ਸੋਚਕੇ ਨਹੀਂ। ਇੱਥੇ ਦੁਖੀ ਤੇ ਨਹੀਂ ਹੁੰਦੇ ਹੋ ਪਰ ਖੁਸ਼ੀ ਦੀ ਬਜਾਏ ਥੋੜਾ ਸੋਚ ਵਿੱਚ ਪੈ ਜਾਂਦੇ ਹੋ- ਇਹ ਕੀ ਹੋਇਆ, ਕਿਵੇਂ ਹੋਇਆ...। ਤਾਂ ਸੋਚਨ ਵਾਲੇ ਨੂੰ ਐਡਜੇਸਟ ਹੋਣ ਦੇ ਮਜ਼ੇ ਵਿੱਚ ਕੁਝ ਸਮੇਂ ਲਗ ਜਾਂਦਾ ਹੈ। ਆਪਣੇ ਨੂੰ ਚੈਕ ਕਰੋ ਕਿ ਕਿਵੇਂ ਦੀ ਵੀ ਪ੍ਰਸਥਿਤੀ ਹੋਵੇ, ਭਾਵੇਂ ਵਧੀਆ ਹੋਵੇ, ਭਾਵੇਂ ਹਿਲਾਉਣ ਵਾਲੀ ਹੋਵੇ ਪਰ ਹਰ ਸਮੇਂ, ਹਰ ਸਰਕਮਸਟਾਂਸ ਦੇ ਅੰਦਰ ਆਪਣੇ ਨੂੰ ਐਡਜੇਸਟ ਕਰ ਸਕਦੇ ਹਨ? ਡਬਲ ਫਾਰਨਰਸ ਨੂੰ ਇੱਕਲਾਪਨ ਵੀ ਚੰਗਾ ਲਗਦਾ ਹੈ ਅਤੇ ਕਮਪੈਨਿਅਨ ਵੀ ਬਹੁਤ ਚੰਗੇ ਲਗਦੇ ਹਨ। ਲੇਕਿਨ ਕੰਪਨੀ ਵਿਚ ਹੋਣ ਜਾਂ ਇਕੱਲੇ ਹੋਣ, ਦੋਵਾਂ ਵਿਚ ਐਡਜਸਟ ਹੋਣਾ- ਇਹ ਹੈ ਬ੍ਰਾਹਮਣ ਜੀਵਨ। ਇਵੇਂ ਨਹੀਂ, ਸੰਗਠਨ ਹੋਵੇ ਜਾਂ ਮੱਥਾ ਭਾਰੀ ਹੋ ਜਾਵੇ - ਨਹੀਂ, ਮੈਨੂੰ ਏਕਾਂਤ ਚਾਹੀਦਾ ਹੈ, ਇਹ ਘਮਾਸਾਨ ਵਿੱਚ ਨਹੀਂ, ਮੈਨੂੰ ਇਕੱਲਾ ਚਾਹੀਦਾ ਹੈ...। ਮਨ ਇਕੱਲਾ ਮਤਲਬ ਬਾਹਰਮੁੱਖਤਾ ਨਹੀਂ ਅੰਤਰਮੁਖਤਾ ਵਿੱਚ ਚਲੇ ਜਾਓ ਤਾਂ ਇਕੱਲਾਪਨ ਹੈ। ਕੋਈ - ਕੋਈ ਕਹਿੰਦੇ ਹਨ ਨਾ - ਇੱਕਲਾ ਕਮਰਾ ਚਾਹੀਦਾ ਹੈ, ਦੋ ਵੀ ਨਹੀਂ ਚਾਹੀਦੇ। ਇੱਕਲੇ ਮਿਲੇ ਤਾਂ ਵੀ ਮੌਜ਼ ਨਾਲ ਸੋਵੋ ਅਤੇ ਦਸ ਦੇ ਵਿੱਚ ਸੋਣਾ ਹੋਵੇ ਤਾਂ ਮੌਜ ਨਾਲ ਸੋਵੋ। ਫਾਰਨਰਸ ਦਸ ਦੇ ਵਿੱਚ ਸੋ ਸਕਦੇ ਹਨ ਮੁਸ਼ਕਿਲ ਹੈ? ਸੋ ਸਕਦੇ ਹੋ? (ਹਾਂ ਜੀ) ਅੱਛਾ, ਹੁਣ ਅਗਲੇ ਵਰ੍ਹੇ 20 - 20 ਨੂੰ ਸੁਆਵਾਂਗੇ। ਦੇਖੋ ਸਮਾਂ ਬਦਲਦਾ ਰਹਿੰਦਾ ਹੈ ਅਤੇ ਬਦਲਦਾ ਰਹੇਗਾ। ਦੁਨੀਆਂ ਦੀ ਹਾਲਤ ਨਾਜ਼ੁਕ ਹੋ ਰਹੀ ਹੈ ਹੋਰ ਵੀ ਹੋਵੇਗੀ। ਹੋਣੀ ਹੀ ਹੈ। ਹੁਣ ਸਿਰਫ ਇੱਕ ਸਥਾਨ ਤੇ ਵੱਖ - ਵੱਖ ਹੁੰਦੀ ਹੈ, ਅਖੀਰ ਵਿੱਚ ਸਭ ਪਾਸੇ ਇਕੱਠੀ ਹੋਵੇਗੀ। ਤਾਂ ਨਾਜ਼ੁਕ ਸਮਾਂ ਤੇ ਆਉਣਾ ਹੀ ਹੈ। ਸਮਾਂ ਨਾਜ਼ੁਕ ਹੋਵੇ ਪਰ ਤੁਹਾਡੀ ਨੇਚਰ ਨਾਜ਼ੁਕ ਨਹੀਂ ਹੋਵੇ। ਕਈਆਂ ਦੀ ਨੇਚਰ ਬਹੁਤ ਨਾਜ਼ੁਕ ਹੁੰਦੀ ਹੈ ਨਾ, ਥੋੜਾ -ਜਿਹਾ ਆਵਾਜ਼ ਹੋਇਆ, ਥੋੜਾ -ਜਿਹਾ ਕੁਝ ਹੋਇਆ ਤਾਂ ਡਿਸਟਰਬ ਹੋ ਗਏ। ਇਸਨੂੰ ਨਾਜ਼ੁਕ ਸਥਿਤੀ, ਨਾਜ਼ੁਕ ਨੇਚਰ। ਤਾਂ ਨਾਜ਼ੁਕ ਨੇਚਰ ਨਹੀਂ ਹੋਵੇ। ਜਿਵੇਂ ਸਮਾਂ ਉਵੇਂ ਆਪਣੇ ਨੂੰ ਏਡਜੇਸਟ ਕਰ ਸਕੋ। ਇਹ ਅਭਿਆਸ ਅੱਗੇ ਚੱਲ ਕੇ ਤੁਹਾਡੇ ਬਹੁਤ ਕੰਮ ਆ ਆਵੇਗਾ। ਕਿਉਂਕਿ ਹਾਲਾਤ ਸਦਾ ਇੱਕ ਜਿਹੇ ਨਹੀਂ ਰਹਿਣੇ ਹਨ। ਅਤੇ ਫਾਈਨਲ ਪੇਪਰ ਤੁਹਾਡਾ ਨਾਜ਼ੁਕ ਸਮੇਂ ਤੇ ਹੋਣਾ ਹੈ। ਆਰਾਮ ਦੇ ਸਮੇਂ ਤੇ ਨਹੀਂ ਹੋਣਾ ਹੈ। ਨਾਜ਼ੁਕ ਸਮੇਂ ਤੇ ਹੋਣਾ ਹੈ। ਤਾਂ ਜਿਨਾਂ ਹੁਣ ਤੋਂ ਆਪਣੇ ਨੂੰ ਐਡਜੇਸਟ ਕਰਨ ਦੀ ਸ਼ਕਤੀ ਹੋਵੇਗੀ ਤਾਂ ਨਾਜ਼ੁਕ ਸਮੇਂ ਤੇ ਪਾਸ ਵਿਦ ਆਨਰ ਹੋ ਸਕੋਂਗੇ। ਪੇਪਰ ਬਹੁਤ ਟਾਇਮ ਦਾ ਨਹੀਂ ਹੈ, ਪੇਪਰ ਤੇ ਬਹੁਤ ਥੋੜੇ ਸਮੇਂ ਦਾ ਹੈ ਪਰ ਚਾਰੋਂ ਪਾਸੇ ਦੀ ਨਾਜ਼ੁਕ ਪ੍ਰਸਥਿਤੀਆਂ, ਉਹਨਾਂ ਦੇ ਵਿੱਚ ਪੇਪਰ ਦੇਣਾ ਹੈ ਇਸਲਈ ਆਪਣੇ ਨੂੰ ਨੇਚਰ ਵਿੱਚ ਵੀ ਸ਼ਕਤੀਸ਼ਾਲੀ ਬਣਾਓ। ਕੀ ਕਰੀਏ, ਮੇਰੀ ਨੇਚਰ ਇਹ ਹੈ, ਮੇਰੀ ਆਦਤ ਹੀ ਇਵੇਂ ਦੀ ਹੈ, ਇਹ ਨਹੀਂ, ਇਸਨੂੰ ਨਾਜ਼ੁਕ ਨੇਚਰ ਕਿਹਾ ਜਾਂਦਾ ਹੈ। ਦੇਖੋ, ਬਾਪਦਾਦਾ ਨੇ ਸਥਾਪਨਾ ਦੇ ਆਦਿ ਵਿੱਚ ਸਭ ਅਨੁਭਵ ਕਰ ਲਿਆ। ਜਦੋਂ ਆਦਿ ਹੋਈ ਤਾਂ ਰਾਜਕੁਮਾਰ ਅਤੇ ਰਾਜਕੁਮਾਰੀਆਂ ਤੋਂ ਵੀ ਜ਼ਿਆਦਾ ਪਾਲਣਾ, ਸਾਧਨ, ਸਭ ਅਨੁਭਵ ਕਰਾਇਆ ਅਤੇ ਅੱਗੇ ਚੱਲਕੇ ਬੇਗਰੀ ਲਾਈਫ ਦਾ ਵੀ ਪੂਰਾ ਅਨੁਭਵ ਕਰਾਇਆ। ਤਾਂ ਜਿਨ੍ਹਾਂ ਨੇ ਦੋਵਾਂ ਨੂੰ ਅਨੁਭਵ ਕੀਤਾ ਉਹਨਾਂ ਦੀ ਆਦਤ ਬਣ ਗਈ। ਤਾਂ ਤੁਸੀਂ ਲੋਕਾਂ ਦੇ ਅੱਗੇ ਤਾਂ ਅਜਿਹਾ ਸਮੇਂ ਆਇਆ ਨਹੀਂ ਹੈ ਪਰ ਆਉਣਾ ਹੈ। ਜਿੱਥੇ ਵੀ ਰਹਿੰਦੇ ਹੋ, ਸਭ ਹਿਲਣੇ ਹਨ, ਸਭ ਆਧਾਰ ਟੁੱਟਣੇ ਹਨ। ਤਾਂ ਅਜਿਹੇ ਟਾਇਮ ਤੇ ਕੀ ਚਾਹੀਦਾ ਹੈ? ਇੱਕ ਹੀ ਬਾਪ ਦਾ ਆਧਾਰ। ਤੁਸੀਂ ਲੋਕ ਤਾਂ ਬਹੁਤ - ਬਹੁਤ ਲੱਕੀ ਹੋ, ਜੋ ਆਉਣ ਦਾ ਸਮਾਂ ਤੁਹਾਡਾ ਸਹਿਜ ਸਾਧਨਾਂ ਦਾ ਹੈ। ਸਹਿਜ ਸਾਧਨਾਂ ਦੇ ਨਾਲ - ਨਾਲ ਤੁਹਾਡਾ ਬ੍ਰਾਹਮਣ ਜਨਮ ਹੈ। ਪਰ ਸਾਧਨ ਅਤੇ ਸਾਧਨਾ - ਸਾਧਨਾਂ ਨੂੰ ਦੇਖਦੇ ਸਾਧਨਾ ਨੂੰ ਨਹੀਂ ਭੁੱਲ ਜਾਣਾ ਕਿਉਂਕਿ ਆਖਿਰ ਵਿੱਚ ਸਾਧਨਾ ਹੀ ਕੰਮ ਵਿੱਚ ਆਉਣੀ ਹੈ। ਸਮਝਾ? ਅੱਛਾ।

ਚਾਰੋਂ ਪਾਸੇ ਦੇ ਅਮੁੱਲ ਵਿਸ਼ੇਸ਼ ਰਤਨਾਂ ਨੂੰ, ਸਦਾ ਹਰ ਦਿਨ ਉਤਸਾਹ ਨਾਲ ਉਤਸਵ ਮਨਾਉਣ ਵਾਲੀ ਸ਼੍ਰੇਸ਼ਠ ਆਤਮਾਵਾਂ ਨੂੰ, ਸਦਾ ਸਵ - ਸਥਿਤੀ ਅਤੇ ਸੇਵਾ ਦੇ ਉੱਨਤੀ ਵਿੱਚ ਬੈਲੇਂਸ ਰੱਖਣ ਵਾਲੀ ਬਲੈਸਿੰਗ ਦੇ ਅਧਿਕਾਰੀ ਆਤਮਾਵਾਂ ਨੂੰ, ਸਦਾ ਪ੍ਰਸਥਿਤੀ ਨੂੰ ਸਹਿਜ ਪਾਰ ਕਰਨ ਵਾਲੀ ਇਵੇਂ ਦੀ ਅਚਲ, ਅਡੋਲ, ਮਹਾਂਵੀਰ ਆਤਮਾਵਾਂ ਨੂੰ ਬਾਪਦਾਦਾ ਦਾ ਯਾਦ ਪਿਆਰ ਅਤੇ ਨਮਸਤੇ।

ਵਰਦਾਨ:- ਸੰਪੂਰਨਤਾ ਦਵਾਰਾ ਸੰਪੰਨਤਾ ਦੀ ਪ੍ਰਾਲਬੱਧ ਦਾ ਅਨੁਭਵ ਕਰਨ ਵਾਲੇ ਸਰਵ ਝਮੇਲਿਆਂ ਤੋਂ ਮੁਕਤ ਭਵ।
ਸੰਗਮਯੁਗ ਤੇ ਸਾਗਰ ਗੰਗਾ ਤੋਂ ਵੱਖ ਨਹੀਂ, ਗੰਗਾ ਸਾਗਰ ਤੋਂ ਵੱਖ ਨਹੀਂ। ਇਸ ਸਮੇਂ ਨਦੀ ਅਤੇ ਸਾਗਰ ਦਾ ਮੇਲਾ ਹੁੰਦਾ ਹੈ। ਜੋ ਇਸ ਮੇਲੇ ਵਿੱਚ ਰਹਿੰਦੇ ਹਨ ਉਹ ਸਰਵ ਝਮੇਲਿਆਂ ਤੋਂ ਮੁਕਤ ਹੋ ਜਾਂਦੇ ਹਨ। ਲੇਕਿਨ ਇਸ ਮੇਲੇ ਦਾ ਅਨੁਭਵ ਉਹ ਹੀ ਕਰ ਸਕਦੇ ਹਨ ਜੋ ਸਮਾਨ ਬਣਦੇ ਹਨ। ਸਮਾਨ ਬਣਨਾ ਮਤਲਬ ਸਮਾ ਜਾਣਾ। ਜੋ ਸਦਾ ਸਨੇਹ ਵਿੱਚ ਸਮਾਏ ਹੋਏ ਹਨ ਉਹ ਸੰਪੂਰਨਤਾ ਅਤੇ ਸੰਪਨੰਤਾ ਦੀ ਪ੍ਰਾਲਬੱਧ ਦਾ ਅਨੁਭਵ ਕਰਦੇ ਹਨ। ਉਹਨਾਂ ਨੂੰ ਕੋਈ ਵੀ ਅਲਪਕਾਲ ਦੇ ਪ੍ਰਾਲਬੱਧ ਦੀ ਇੱਛਾ ਨਹੀਂ ਰਹਿੰਦੀ।

ਸਲੋਗਨ:- ਸਦਾ ਇੱਕ ਬਾਪ ਦੇ ਸ਼੍ਰੇਸ਼ਠ ਸੰਗ ਵਿੱਚ ਰਹੋ ਤਾਂ ਹੋਲੀਏਸਟ ਅਤੇ ਹਾਈਏਸਟ ਬਣ ਜਾਵੋਗੇ।

******